**ਫੈਡਰਲ ਪਾਰਟਨਰਸ ਨੇ ਹਾਲ ਹੀ ਵਿੱਚ Johnson & Johnson (Janssen) ਦੇ ਟੀਕੇ ਕਰਕੇ ਥੋੜ੍ਹੀ ਸੰਖਿਆ ਵਿੱਚ ਹੋਈਆਂ ਗੰਭੀਰ ਮਾੜੀਆਂ ਘਟਨਾਵਾਂ ਬਾਰੇ ਸਾਨੂੰ ਚੇਤਾਵਨੀ ਦਿੱਤੀ ਹੈ।**

**ਜਦਕਿ ਇਹ ਘਟਨਾਵਾਂ ਬਹੁਤ ਵਿਰਲੀਆਂ ਲੱਗਦੀਆਂ ਹਨ, ਫਿਰ ਵੀ ਬਹੁਤ ਜ਼ਿਆਦਾ ਸਾਵਧਾਨੀ ਵਰਤਦੇ ਹੋਏ, ਮੰਗਲਵਾਰ (4/13) ਤੋਂ ਸ਼ੁਰੂ ਕਰ ਕੇ, ਅਸੀਂ ਨਿਊ ਯਾਰਕ ਸਿਟੀ ਵਿੱਚ Johnson & Johnson ਦਾ ਟੀਕਾ ਲਗਾਉਣਾ ਰੋਕ ਦਿੱਤਾ ਹੈ।**

FDA ਅਤੇ CDC ਦੁਆਰਾ ਜਿਨ੍ਹਾਂ ਮਾਮਲਿਆਂ ਦੀ ਸਮੀਖਿਆ ਕੀਤੀ ਜਾ ਰਹੀ ਹੈ ਉਨ੍ਹਾਂ ਵਿੱਚ ਇੱਕ ਕਿਸਮ ਦਾ ਖੂਨ ਦਾ ਗਤਲਾ ਬਣਨਾ ਸ਼ਾਮਲ ਹੈ ਜਿਸ ਨੂੰ ਸੇਰੀਬ੍ਰਲ ਵੀਨਸ ਸਾਈਨਸ ਥ੍ਰੋਮਬੋਸਿਸ (CVST) ਕਿਹਾ ਜਾਂਦਾ ਹੈ, ਜਿਸਨੂੰ ਖੂਨ ਦੀਆਂ ਪਲੇਟਲੈਟਸ ਦੇ ਘੱਟ ਪੱਧਰ (ਥ੍ਰੋਮਬੋਸਾਈਟੋਪੀਨੀਆ) ਨਾਲ ਜੋੜ ਕੇ ਵੇਖਿਆ ਗਿਆ ਸੀ।

ਉਹ ਲੋਕ ਜਿਨ੍ਹਾਂਨੂੰ J&J ਦਾ ਟੀਕਾ ਲਗਾਇਆ ਗਿਆ ਹੈ, ਜਿਨ੍ਹਾਂਨੂੰ ਟੀਕਾ ਲਗਾਉਣ ਤੋਂ ਬਾਅਦ ਤਿੰਨ ਹਫ਼ਤਿਆਂ ਦੇ ਅੰਦਰ ਬਹੁਤ ਤੇਜ਼ ਸਿਰਦਰਦ, ਪੇਟ ਦਰਦ, ਲੱਤਾਂ ਵਿੱਚ ਦਰਦ, ਜਾਂ ਸਾਹ ਦੀ ਕਮੀ ਹੋਈ ਹੈ, ਉਨ੍ਹਾਂਨੂੰ ਆਪਣੇ ਸਿਹਤ ਸੰਭਾਲ ਪਰਦਾਤਾ ਨਾਲ ਸੰਪਰਕ ਕਰਨਾ ਚਾਹੀਦਾ ਹੈ।

**COVID-19 ਦੇ ਟੀਕਿਆਂ ਬਾਰੇ ਹੋਰ ਜਾਣੋ:**
**nyc.gov/covidvaccine**

NYC Health

Punjabi (India)